# ਜੇ ਤੁਹਾਡਾ ਪਰਿਵਾਰ ਵੱਡਾ ਹੈ ਤਾਂ ਕਿਰਾਏ ਦੇ ਘਰ ਕਿਸ ਤਰ੍ਹਾਂ ਲੱਭਿਆ ਜਾਵੇ



ਕੈਨੇਡਾ ਵਿਚ ਪਰਿਵਾਰ ਦੇ ਔਸਤ ਆਕਾਰ ਵਿਚ ਚਾਰ ਜੀਅ ਹਨ। ਇਸਦੇ ਨਤੀਜੇ ਵਜੋਂ ਕੈਨੇਡਾ ਵਿਚ ਨਵੇਂ ਆਏ ਵੱਡੇ ਪਰਿਵਾਰ ਲਈ ਉਨ੍ਹਾਂ ਦੀਆਂ ਜ਼ਰੂਰਤਾਂ ਅਨੁਸਾਰ ਕਿਰਾਏ ਦਾ ਘਰ ਲੱਭਣਾ ਮੁਸ਼ਕਲ ਹੋ ਸਕਦਾ ਹੈ।

ਜੇ ਤੁਹਾਡਾ ਪਰਿਵਾਰ ਵੱਡਾ ਹੈ ਤਾਂ Canada Mortgage and Housing Corporation (CMHC), ਤੁਹਾਡੇ ਦੁਆਰਾ ਕਿਰਾਏ ਦੇ ਘਰ ਨੂੰ ਲੱਭਣ ਵਿਚ ਮਦਦ ਲਈ ਹੇਠ ਲਿਖੇ ਸੁਝਾਅ ਦਿੰਦੀ ਹੈ:

- ਕੈਨੇਡਾ ਵਿਚ ਜ਼ਿਆਦਾਤਰ ਅਪਾਰਟਮੈਂਟ ਕੈਨੇਡਾ ਦੇ ਔਸਤ ਆਕਾਰ ਦੇ ਪਰਿਵਾਰ ਲਈ ਬਣਾਏ ਗਏ ਹਨ। ਇਸਦਾ ਮਤਲਬ ਹੈ ਕਿ ਕਿਰਾਏ 'ਤੇ ਉਪਲੱਬਧ ਜ਼ਿਆਦਾਤਰ ਅਪਾਰਟਮੈਂਟਾਂ ਵਿਚ ਆਮ ਕਰਕੇ ਇਕ ਜਾਂ ਦੋ ਬੈਡਰੂਮ ਹੋਣਗੇ। ਕੈਨੇਡਾ ਵਿਚ ਤਿੰਨ ਬੈਡਰੂਮਾਂ ਵਾਲੇ ਬਹੁਤ ਥੋੜੇ ਅਪਾਰਟਮੈਂਟ ਹਨ, ਇੱਥੋਂ ਤੱਕ ਕਿ ਵੱਡੇ ਸ਼ਹਿਰਾਂ ਵਿਚ ਵੀ। ਚਾਰ ਜਾਂ ਪੰਜ ਬੈਡਰੂਮਾਂ ਵਾਲੇ ਅਪਾਰਟਮੈਂਟ ਤਾਂ ਹੋਰ ਵੀ ਘੱਟ ਹਨ।
- ਕੁਝ ਮਕਾਨ ਮਾਲਕ ਉਨ੍ਹਾਂ ਦੇ ਅਪਾਰਟਮੈਂਟ ਵਿਚ ਰਹਿਣ ਵਾਲੇ ਲੋਕਾਂ ਦੀ ਗਿਣਤੀ ਨੂੰ ਸੀਮਤ ਕਰ ਦਿੰਦੇ ਹਨ। ਅਜਿਹਾ ਇਸ ਕਰਕੇ ਹੈ ਕਿਉਂਕਿ ਇਮਾਰਤ ਦੀ ਪਲੰਬਿੰਗ, ਬਿਜਲੀ ਦੀਆਂ ਪਰਣਾਲੀਆਂ, ਐਲੀਵੇਟਰਜ਼, ਪਾਰਕਿੰਗ ਅਤੇ ਹੋਰ ਵਿਸ਼ੇਸ਼ਤਾਵਾਂ ਨੂੰ ਮਿਥੀ ਗਈ ਗਿਣਤੀ ਦੇ ਲੋਕਾਂ ਲਈ ਹੀ ਤਿਆਰ ਕੀਤਾ ਗਿਆ ਸੀ। ਜੇ ਕਿਸੇ ਇਮਾਰਤ ਵਿਚ ਉਸ ਤੋਂ ਜ਼ਿਆਦਾ ਲੋਕ ਰਹਿੰਦੇ ਹਨ, ਜਿੰਨਿਆਂ ਲਈ ਇਸਨੂੰ ਤਿਆਰ ਕੀਤਾ ਗਿਆ ਸੀ, ਤਾਂ ਇਹ ਇਮਾਰਤ ਦੀਆਂ ਪਰਣਾਲੀਆਂ ਉੱਤੇ ਬੋਝ ਪਾ ਸਕਦਾ ਹੈ।
- ਜੇ ਤੁਹਾਡਾ ਪਰਿਵਾਰ ਵੱਡਾ ਹੈ ਅਤੇ ਤੁਸੀਂ ਸਾਰੇ ਇਕੱਠੇ ਰਹਿਣਾ ਚਾਹੁੰਦੇ ਹੋ ਤਾਂ ਅਪਾਰਟਮੈਂਟ ਦੀ ਬਜਾਏ ਘਰ ਕਿਰਾਏ 'ਤੇ ਲੈਣਾ ਚੰਗਾ ਵਿਚਾਰ ਹੋ ਸਕਦਾ ਹੈ। ਘਰਾਂ ਨੂੰ ਲੱਭਣਾ ਮੁਸ਼ਕਿਲ ਹੋ ਸਕਦਾ ਹੈ ਅਤੇ ਇਹ ਅਪਾਰਟਮੈਂਟ ਨਾਲੋਂ ਜ਼ਿਆਦਾ ਮਹਿੰਗੇ ਹੋ ਸਕਦੇ ਹਨ, ਪਰ ਆਮ ਕਰਕੇ ਇਨ੍ਹਾਂ ਵਿਚ ਵਧੇਰੇ ਥਾਂ ਹੁੰਦੀ ਹੈ ਅਤੇ ਇਹ ਇਕ ਹੀ ਘਰ ਵਿਚ ਰਹਿਣ ਵਾਲੇ ਲੋਕਾਂ ਦੇ ਵੱਡੇ ਸਮੂਹ ਦੀਆਂ ਜ਼ਰੂਰਤਾਂ ਨੂੰ ਜ਼ਿਆਦਾ ਲੋਚਸ਼ੀਲਤਾ ਨਾਲ ਪੂਰਾ ਕਰ ਸਕਦੇ ਹਨ।
- ਘੱਟ ਥਾਂ ਦਾ ਜ਼ਿਆਦਾ ਫਾਇਦਾ ਲੈਣ ਵਿਚ ਤੁਹਾਡੀ ਮਦਦ ਲਈ, ਦੋ ਜਾਂ ਜ਼ਿਆਦਾ ਬੱਚਿਆਂ ਨੂੰ ਇਕੋ ਕਮਰੇ ਵਿਚ ਸਲਾਉ। ਜੇ ਕਾਫ਼ੀ ਥਾਂ ਨਹੀਂ ਹੈ ਤਾਂ ਬੰਕ ਬੈਡਜ਼ (ਦੋ ਛੱਤੇ ਮੰਜੇ) ਖਰੀਦਣ ਬਾਰੇ ਵਿਚਾਰ ਕਰੋ। ਬੰਕ ਬੈਡਜ਼ ਉਹ ਬੈਡ ਹੁੰਦੇ ਹਨ ਜਿਨ੍ਹਾਂ ਵਿਚ ਦੋ ਜਾਂ ਜ਼ਿਆਦਾ ਬੈਡਾਂ ਨੂੰ ਇਕ ਇਕਾਈ ਬਣਾਉਂਦਿਆਂ, ਇਕ ਦੂਜੇ ਉੱਪਰ ਲਗਾਇਆ ਹੁੰਦਾ ਹੈ। ਬੰਕ ਬੈਡਜ਼ ਹਰ ਬੱਚੇ ਨੂੰ ਉਸਦਾ ਆਪਣਾ ਬਿਸਤਰਾ ਦਿੰਦਿਆਂ, ਕਾਫ਼ੀ ਥਾਂ ਬਚਾ ਸਕਦੇ ਹਨ।
- ਜੇ ਤੁਹਾਡੇ ਪਰਿਵਾਰ ਵਿਚ ਬਜ਼ੁਰਗ ਮਾਤਾ ਪਿਤਾ, ਦਾਦਾ ਦਾਦੀ/ਨਾਨਾ ਨਾਨੀ ਜਾਂ ਹੋਰ ਬਜ਼ੁਰਗ ਰਿਸ਼ਤੇਦਾਰ ਹਨ, ਤਾਂ ਉਹ ਇਲਾਕਾ ਚੁਣਨ ਦੀ ਕੋਸ਼ਿਸ਼ ਕਰੋ ਜਿਸਦੇ ਵਿਚ ਬਜ਼ੁਰਗਾਂ ਦੇ ਲਈ ਸੇਵਾਵਾਂ ਅਤੇ ਉਨ੍ਹਾਂ ਦੇ ਕਰਨ ਲਈ ਗਤੀਵਿਧੀਆਂ ਹਨ। ਤੁਹਾਡੀ ਅਤੇ ਤੁਹਾਡੇ ਪਤੀ/ਪਤਨੀ ਦੇ ਨੌਕਰੀ ਭਾਲਣ ਦੀ ਸੰਭਾਵਨਾ ਹੈ, ਅਤੇ ਜਦੋਂ ਤੁਹਾਡੇ ਬੱਚੇ ਸਕੂਲ ਜਾਣਗੇ ਤਾਂ ਉਹ ਦੋਸਤ ਬਣਾ ਲੈਣਗੇ। ਪਰ ਬਜ਼ੁਰਗਾਂ ਲਈ ਨਵੇਂ ਲੋਕਾਂ ਨੂੰ ਮਿਲਣਾ ਮੁਸ਼ਕਲ ਹੋ ਸਕਦਾ ਹੈ, ਇਸ ਲਈ ਕਮਿਊਨਟੀ ਸੈਂਟਰ ਜਾਂ ਹੋਰ ਸੁਵਿਧਾਵਾਂ ਦਾ ਪਤਾ ਕਰੋ ਜਿਨ੍ਹਾਂ ਵਿਚ ਬਜ਼ੁਰਗਾਂ ਲਈ ਕੁਕਿੰਗ ਕਲਾਸਾਂ, ਭਾਸ਼ਾ ਸਿੱਖਣ ਦੀਆਂ ਕਲਾਸਾਂ, ਕਸਰਤਾਂ ਦੇ ਪ੍ਰੋਗਰਾਮਾਂ ਜਾਂ ਹੋਰ ਦਿਨ ਦੇ ਸਮੇਂ ਕੀਤੇ ਜਾਣ ਵਾਲੇ ਪ੍ਰੋਗਰਾਮ ਕਰਵਾਏ ਜਾਂਦੇ ਹੋਣ।

ਰਿਹਾਇਸ਼ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ Canada Mortgage and Housing Corporation ਨੂੰ www.cmhc.ca/newcomers 'ਤੇ ਸੰਪਰਕ ਕਰੋ।

67328 15-06-11 How to Find and Rent a Home if You Have a Large Family (Punjabi version)

Canada

CMHC SCHL
HOME TO CANADIANS